ਅਜ ਦੀ ਕਹਾਣੀ

G. 836

—ਲੇਖਕ—
ਜਸਵੰਤ ਸਿੰਘ 'ਦੋਸਤ'
ਪ੍ਰੀਤ ਨਗਰ

ਮੈਸਰਜ਼ ਕਿਰਪਾਲ ਸਿੰਘ ਬਲਬੀਰ ਸਿੰਘ
ਘੰਟਾ ਘਰ, ਅੰਮ੍ਰਿਤਸਰ

ਸਰਬ ਹੱਕ ਲੇਖਕ ਕੋਲ ਹਨ

ਓ. ੨
ਏ ੧੬ ਅ
30175

ਪਹਿਲੀ ਵਾਰ – ੧੯੪੪

ਪ੍ਰਿੰਟਰ : ਸ: ਗੁਰਬਖ਼ਸ਼ ਸਿੰਘ, ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ
ਪਬਲਿਸ਼ਰ : ਭਾਈ ਕਿਰਪਾਲ ਸਿੰਘ ਬਲਬੀਰ ਸਿੰਘ,
ਘੰਟਾ ਘਰ, ਅੰਮ੍ਰਿਤਸਰ

ਭੇਟਾ

ਉਸ ਨੂੰ, ਜਿਹੜਾ ਨਾਵਲਾਂ ਦੇ ਮਣਕੇ ਘੜ ਘੜ ਕੇ
ਪੰਜਾਬੀ ਮਾਤਾ ਲਈ ਹਾਰ ਪ੍ਰੋਣ ਦੇ
ਆਹਰ ਵਿਚ ਲਗਾ ਹੋਇਆ ਹੈ।

ਤੇ

ਜਿਸ ਦੀ ਲਿਖਤ ਨੇ ਮੈਨੂੰ ਸਾਹਿਤ
ਪੜ੍ਹਨ ਤੇ ਲਿਖਣ ਲਈ ਪ੍ਰੇਰਿਆ ਹੈ।

ਸ: ਨਾਨਕ ਸਿੰਘ ਜੀ ਨਾਵਲਿਸਟ ਨੂੰ !

'ਦੋਸਤ'

ਪਰਵੇਸ਼

ਮੈਂ ਗਿਆਨੀ ਜਸਵੰਤ ਸਿੰਘ ਜੀ ਦੀਆਂ ਕਹਾਣੀਆਂ ਕਈ ਸਾਲਾਂ ਤੋਂ ਸੁਣਦਾ ਹਾਂ, ਓਦੋਂ ਤੋਂ ਜਦੋਂ ਇਨ੍ਹਾਂ ਪਹਿਲੀ ਵਾਰੀ 'ਵੇਸਵਾ ਕਿ ਭੈਣ' ਨਾਂ ਦੀ ਕਹਾਣੀ ਗਿਆਨੀ ਜਮਾਤ ਦੀ ਹਫ਼ਤਾ ਵਾਰ ਮੀਟਿੰਗ ਵਿਚ ਸੁਣਾਈ। ਮੈਂ ਉਸ ਵੇਲੇ ਵੇਖਿਆ ਕਿ ਸਾਦੀ ਬੋਲੀ ਵਿਚ ਨਵੇਂ ਪਲਾਟ ਦਸਣ ਦਾ ਕੁਝ ਕੁਦਰਤੀ ਜਿਹਾ ਝੁਕਾ ਇਸ ਨੌਜਵਾਨ ਵਿਚ ਹੈ । ਅਜ ਕਈ ਸਾਲ ਬਾਦ ਉਹ ਤੇ ਹੋਰ ਕਈ ਨਵੀਆਂ ਕਹਾਣੀਆਂ ਕਿਤਾਬੀ ਸ਼ਕਲ ਵਿਚ ਪੇਸ਼ ਹੋਈਆਂ ਵੇਖ ਕੇ ਮੈਨੂੰ ਬੜੀ ਖੁਸ਼ੀ ਹੋਈ ਹੈ । ਮੈਂ ਇਨ੍ਹਾਂ ਕਹਾਣੀਆਂ ਨੂੰ ਮੁਢੋਂ ਲੈ ਕੇ ਅਖੀਰ ਤਕ, ਸਾਰੀਆਂ ਨੂੰ ਨਵੇਂ ਸਿਰੇ ਪੜ੍ਹਿਆ ਹੈ। ਤੇ ਇਕੋ ਵਾਰੀ ਬਹਿ ਕੇ ਸਾਰੀਆਂ ਕਹਾਣੀਆਂ ਮੁਕਾ ਕੇ ਉਠਿਆ ਹਾਂ, ਮੇਰੀ ਨਜ਼ਰ ਵਿਚ ਇਹੋ ਇਕ ਗਲ ਇਨ੍ਹਾਂ ਕਹਾਣੀਆਂ ਦੇ ਆਮ ਪ੍ਰਚਲਤ ਹੋਣ ਦੀ ਉਮੇਦ ਦਵਾਂਈ ਹੈ। ਪੰਜਾਬੀ ਦਾ ਆਮ ਪਾਠਕ ਕਹਾਣੀਆਂ ਤੋਂ ਕੇਵਲ ਏਨੀ ਮੰਗ ਕਰਦਾ ਹੈ ਕਿ ਉਹ ਉਸ ਦਾ ਦਿਲ ਲਾਈ ਰਖਣ। ਏਸ ਘਸਵੱਟੀ ਤੇ ਆ ਕੇ ਕਈ ਉਚ ਦਰਜੇ ਦੀਆਂ ਸਾਹਿਤਕ ਕਹਾਣੀਆਂ ਪੰਜਾਬੀ ਦੇ ਆਮ ਅਧਪੜ੍ਹ ਤੇ ਥਕੇ ਟੁਟੇ ਪਾਠਕ ਨੂੰ ਫਿਕੀਆਂ ਲੀਕਾਂ ਜਾਪਣ ਲਗ ਪੈਂਦੀਆਂ ਹਨ। ਉਨ੍ਹਾਂ ਦੇ ਪਾਸੇ ਦਾ ਸੋਨਾ ਹੋਣ ਵਿਚ ਤਾਂ ਸ਼ੱਕ ਨਹੀਂ, ਪਰ ਘਸਵੱਟੀ ਤੇ ਸਰਾਫ਼ ਦੀ ਮੰਗ ਹੀ ਜਦ ਹੋਰ ਕੁਝ ਹੋਵੇ ਤਾਂ ਕੀ ਕੀਤਾ ਜਾਵੇ ?

ਇਹ ਸਭੇ ਕਹਾਣੀਆਂ ਇਕ ਤਾਂ ਬਹੁਤ ਛੋਟੀਆਂ ਛੋਟੀਆਂ ਹਨ ਇਸ ਲਈ ਵਧ ਤੋਂ ਵਧ ਰੁਝੇਵੇਂ ਵਾਲਾ ਮਨੁੱਖ ਭੀ ਇਨ੍ਹਾਂ ਨੂੰ ਪੜ੍ਹਨਾ ਸ਼ੁਰੂ ਕਰਨ ਦਾ ਹੌਂਸਲਾ ਕਰ ਲੈਂਦਾ ਹੈ। ਲੇਖਕ ਨੇ ਨਜ਼ਾਰਿਆਂ ਜਾਂ ਪਾਤਰਾ ਦੀ ਸ਼ਕਲ ਸੂਰਤ ਜਾਂ ਪਿਛੋਕੜ ਦਾ ਬਿਆਨ ਕਰ ਕੇ ਉਨ੍ਹਾਂ ਦੀਆਂ ਲਫਜ਼ੀ ਤਸਵੀਰਾਂ ਸਾਨੂੰ ਨਹੀਂ ਵਿਖਾਈਆਂ । ਲੇਖਕ ਤਾਂ ਇਕ ਅੰਗੀ ਨਾਟਕਾਂ

ਵਾਂਗ ਕਿਸੇ ਖ਼ਾਸ ਇਕ ਨੁਕਤੇ ਦੇ ਮਗਰ ਵਾਹੋ ਦਾਹੀ ਜਾਂਦਾ ਹੈ ਤੇ ਸਾਨੂੰ ਆਪਣੇ ਮਗਰ ਭਜਣ ਲਈ ਮਜਬੂਰ ਕਰਦਾ ਹੈ। ਉਹ ਨੁਕਤਾ ਜ਼ਰੂਰ ਚਮਕੀਲਾ ਹੁੰਦਾ ਹੈ, ਜੇ ਪਾਠਕ ਲਈ ਨਹੀਂ ਤਾਂ ਲੇਖਕ ਲਈ ਜ਼ਰੂਰ। ਇਉਂ ਇਨ੍ਹਾਂ ਕਹਾਣੀਆਂ ਵਿਚ ਬਾਹਰ ਦਾ ਜੀਵਨ ਨਹੀਂ । ਨਾ ਹੀ ਉਸ ਜੀਵਨ ਨੂੰ ਬਹੁਤਾ ਬਣਾ ਫਬਾ, ਸਜਾ ਕੇ ਪੇਸ਼ ਕਰਨ ਦਾ ਜਤਨ ਹੈ, ਸਗੋਂ ਕਵਿਤਾ ਵਾਂਗ ਮਨ ਦੀ ਕਿਸੇ ਨੁਕਰੇ ਲੁਕੇ ਹੋਏ ਭਾਵਾਂ ਤੇ ਉਮੰਗਾਂ ਨੂੰ ਹਵਾ ਲਵਾਈ ਹੋਈ ਹੈ ਤੇ ਸਮਾਜ ਦੀਆਂ ਕਈ ਇਕ ਔਕੜਾਂ ਤੇ ਸਖਤੀਆਂ ਵਲ ਧਿਆਨ ਖਿਚਿਆ ਹੈ। ਖ਼ਾਸ ਕਰਕੇ ਵੇਸਵਾ ਵਲ ਲੇਖਕ ਬੜੀ ਹਮਦਰਦੀ ਰਖਦਾ ਹੈ ਜਿਹੜੀ ਕਿ 'ਵੇਸਵਾ ਕਿ ਭੈਣ', ਤੇ 'ਦੇਵੀਆਂ ਕਿ ਨਾਗਨਾਂ' ਤੇ 'ਤਜਰਬੇ-ਕਾਰ' ਨਾਂ ਦੀਆਂ ਕਹਾਣੀਆਂ ਵਿਚੋਂ ਸਾਫ਼ ਦਿਸ ਪੈਂਦੀ ਹੈ। ਲੇਖਕ ਦਾ ਖ਼ਿਆਲ ਹੈ ਕਿ ਵੇਸਵਾ ਦੇ ਆਚਰਨ ਤੇ ਇਸ ਰੀਦੇ ਜੀਵਨ ਦੀ ਜ਼ੁਮੇਵਾਰੀ ਕਰੜੇ ਸਮਾਜ ਦੇ ਸਿਰ ਹੈ ਤੇ ਉਨ੍ਹਾਂ ਦੀ ਬਦ-ਕਿਸਮਤੀ ਦਾ ਕਾਰਨ ਸਮਾਜ ਹੈ।

ਸਮਾਜ ਦੀਆਂ ਸਖਤੀਆਂ ਤੇ ਓਪਰੇ ਬੰਧਨਾਂ ਦੇ ਉਲਟ ਲੇਖਕ ਦੇ ਦਿਲ ਵਿਚ ਕਾਫ਼ੀ ਗੁਫਰ ਹੈ ਜੋ ਲਗ ਪਗ ਹਰ ਇਕ ਕਹਾਣੀ ਵਿਚ ਨਜ਼ਰ ਪੈਂਦਾ ਹੈ ਕਿਤੇ ਲੁਕਵਾਂ ਤੇ ਕਿਤੇ ਪਰਤਖ, ਕਿਤੇ ਉਪਦੇਸ਼ ਵਾਂਗ ਕਿਤੇ ਸਾਧਾਰਨ ਬਾਤ ਚੀਤ ਵਾਂਗ – 'ਅਥਰੀ ਕੁੜੀ' ਤੇ 'ਆਖਰੀ ਚਿਠੀ' ਅਤੇ 'ਅਜ ਦੀ ਕਹਾਣੀ' ਵਿਚੋਂ ਮੇਰੇ ਇਨ੍ਹਾਂ ਲਫਜ਼ਾਂ ਦੀ ਸਚਾਈ ਪਰਖੀ ਜਾ ਸਕਦੀ ਹੈ। 'ਅਥਰੀ ਕੁੜੀ' ਦੇ ਚਾਵਾਂ, ਮਲਾਰਾਂ, ਖੁਸ਼ੀਆਂ ਤੇ ਅਥਰੇ-ਪਨ ਦੇ ਟਾਕਰੇ ਤੇ ਜਦ ਵਿਚਾਰੀ ਨੂੰ ਕੁਛੜ ਮੁੰਡਾ ਚੁਕੀ ਤੇ ਉਦਾਸ ਤੇ ਗੰਭੀਰ ਵੇਖੀ ਦਾ ਹੈ ਤਾਂ ਜ਼ਰੂਰ ਤਰਸ ਆਉਂਦਾ ਹੈ ਤੇ ਮਨ ਆਖਦਾ ਹੈ ਸਮਾਜ ਦੇ ਹਥ ਕੀ ਆਉਂਦਾ ਹੈ, ਕੁੜੀਆਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਉਲਟ ਤੇ ਮੁੰਡਿਆਂ ਨੂੰ ਉਨ੍ਹਾਂ ਦੀ ਖੁਸ਼ੀ ਦੇ ਉਲਟ ਨਰੜ ਕੇ – ਕਿਉਂ ਨਹੀਂ ਮਨ-ਮੰਨੀਆਂ ਜੋੜੀਆਂ ਬਣਾਈਆਂ ਜਾਂਦੀਆਂ ? 'ਅਜ ਦੀ ਕਹਾਣੀ' ਏਸ ਗਲ ਤੇ ਜ਼ੋਰ ਦੇਂਦੀ ਹੈ ਕਿ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.